BRAMPTON Flower City brampton.ca

media release

15 ਅਕਤੂਬਰ, 2018

**22 ਅਕਤੂਬਰ ਨੂੰ ਆਪਣੇ ਵਾਰਡ ਵਿੱਚ ਕਿਤੇ ਵੀ ਵੋਟ ਪਾਓ**

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) 22 ਅਕਤੂਬਰ, 2018 ਨੂੰ ਮਿਊਨਿਸਿਪਲ ਚੋਣਾਂ (Municipal Election) ਵਿੱਚ ਵੋਟ ਪਾਉਣ ਨੂੰ ਅਸਾਨ ਬਣਾ ਰਹੀ ਹੈ। ਇਸ ਦਿਨ, eligible voters (ਯੋਗ ਮਤਦਾਤਾ), ਜਿਸ ਵਿੱਚ ਵਾਰਡ ਵਿੱਚ ਰਹਿੰਦੇ ਹਨ, ਉਸ ਵਾਰਡ ਦੇ ਵੋਟਿੰਗ ਸਥਾਨਾਂ ਵਿੱਚੋਂ ਕਿਸੇ 'ਤੇ ਵੀ ਵੋਟ ਪਾ ਸਕਦੇ ਹਨ।

ਕਿਰਪਾ ਕਰਕੇ ਆਪਣੇ ਵਾਰਡ ਵਿੱਚ ਵੋਟਿੰਗ ਸਥਾਨਾਂ ਦੀ ਸੂਚੀ ਲਈ ਆਪਣਾ ਵੋਟਰ ਨੋਟਿਸ (Voter Notice) ਦੇਖੋ, ਜਾਂ ਸਿਟੀ ਦੀ ਵੈਬਸਾਈਟ: www.brampton.ca/bramptonvotes 'ਤੇ interactive map (ਇੰਟਰਐਕਟਿਵ ਨਕਸ਼ਾ) ਵਰਤੋ।

2018 ਦੀਆਂ ਬ੍ਰੈਂਪਟਨ ਦੀਆਂ ਮਿਊਨਿਸਿਪਲ ਚੋਣਾਂ (2018 Brampton Municipal Election) ਲਈ ਸਿਟੀ ਕਲਰਕ ਐਂਡ ਰਿਟਰਨਿੰਗ ਅਫ਼ਸਰ, ਪੀਟਰ ਫੇ (Peter Fay) ਨੇ ਕਿਹਾ, "ਬ੍ਰੈਂਪਟਨ ਵਿੱਚ 147 ਵੋਟਿੰਗ ਸਥਾਨ ਹਨ। 22 ਅਕਤੂਬਰ ਨੂੰ - ਜਿਵੇਂ ਤੁਸੀਂ ਕੰਮ ਲਈ ਇੱਧਰ-ਉੱਧਰ ਜਾਂਦੇ ਹੋਏ, ਆਪਣੇ ਬੱਚੇ ਨੂੰ ਸਕੂਲ ਤੋਂ ਲੈਂਦੇ ਹੋਏ, ਜਾਂ ਕੰਮ, ਪੜ੍ਹਾਈ ਜਾਂ ਖੇਡਣ ਤੋਂ ਵਾਪਸ ਘਰ ਆਉਂਦੇ ਹੋਏ ਆਪਣਾ ਦਿਨ ਬਿਤਾਓਗੇ, ਤੁਸੀਂ ਆਪਣੇ ਵਾਰਡ ਦੇ ਅੰਦਰ ਵੋਟਿੰਗ ਸਥਾਨ ਤੋਂ ਜ਼ਿਆਦਾ ਦੂਰ ਨਹੀਂ ਹੋਵੋਗੇ। ਤੁਹਾਡਾ ਵੋਟ ਮਹੱਤਵਪੂਰਨ ਹੈ, ਅਤੇ ਇਹ ਬ੍ਰੈਂਪਟਨ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ, ਇਸਲਈ ਵੋਟ ਪਾਉਣ ਦੇ ਆਪਣੇ ਹੱਕ ਦਾ ਇਸਤੇਮਾਲ ਕਰਨਾ ਯਾਦ ਰੱਖੋ।"

**ਸੁਰਖੀਆਂ**

- ਮਤਦਾਤਾ ਯੋਗਤਾ: ਤੁਹਾਡੇ ਲਈ ਬ੍ਰੈਂਪਟਨ ਵਿੱਚ ਰਹਿਣ ਵਾਲਾ ਇੱਕ ਕੈਨੇਡਿਅਨ ਨਾਗਰਿਕ ਹੋਣਾ ਲਾਜ਼ਮੀ ਹੈ ਅਤੇ ਵੋਟਿੰਗ ਡੇ (Voting Day) ਨੂੰ ਤੁਹਾਡੀ ਉਮਰ ਘੱਟੋ-ਘੱਟ 18 ਸਾਲ ਹੋਣੀ ਲਾਜ਼ਮੀ ਹੈ। ਜੇਕਰ ਤੁਸੀਂ ਬ੍ਰੈਂਪਟਨ ਵਿੱਚ ਨਹੀਂ ਰਹਿੰਦੇ, ਪਰੰਤੂ ਸ਼ਹਿਰ ਵਿੱਚ ਤੁਹਾਡੀ ਜਾਂ ਤੁਹਾਡੇ ਜੀਵਨਸਾਥੀ (ਸਪਾਉਸ) ਦੀ ਮਾਲਕੀ ਵਾਲੀ ਜਾਂ ਕਿਰਾਏ ਦੀ ਪ੍ਰਾਪਰਟੀ ਹੈ, ਤਾਂ ਤੁਸੀਂ ਵੋਟ ਪਾਉਣ ਲਈ ਯੋਗ ਹੋ ਸਕਦੇ ਹੋ।
- ਪਛਾਣ: ਸਾਰੇ ਮਤਦਾਤਾਵਾਂ ਲਈ ਵੋਟਿੰਗ ਸਥਾਨ ਵਿਖੇ ਕੋਈ acceptable identification (ਸਵੀਕਾਰਯੋਗ ਪਛਾਣ) ਪੱਤਰ ਅਤੇ ਵੋਟਰ ਨੋਟਿਸ ਨਾਲ ਲਿਆਉਣਾ ਲਾਜ਼ਮੀ ਹੈ, ਜੋ ਤੁਸੀਂ ਡਾਕ ਰਾਹੀਂ ਪ੍ਰਾਪਤ ਕੀਤਾ ਸੀ।
- ਜੇਕਰ ਤੁਸੀਂ ਯੋਗ ਮਤਦਾਤਾ ਹੋ, ਪਰੰਤੂ ਤੁਹਾਨੂੰ ਡਾਕ ਰਾਹੀਂ ਵੋਟਰ ਨੋਟਿਸ ਨਹੀਂ ਮਿਲਿਆ ਹੈ, ਤਾਂ ਤੁਸੀਂ ਵੋਟਰ ਸੂਚੀ (Voters' List) 'ਤੇ ਨਹੀਂ ਵੀ ਹੋ ਸਕਦੇ। ਤੁਸੀਂ ਵੋਟਿੰਗ ਸਥਾਨ ਵਿਖੇ ਕੋਈ acceptable identification (ਸਵੀਕਾਰਯੋਗ ਪਛਾਣ) ਮੁਹੱਈਆ ਕਰਕੇ ਖੁਦ ਨੂੰ ਸੂਚੀ ਵਿੱਚ ਸ਼ਾਮਲ ਕਰ ਸਕਦੇ ਹੋ।
- ਸਵੀਕਾਰਯੋਗ ਪਛਾਣ ਦੀ ਪੂਰੀ ਸੂਚੀ, ਅਕਸਰ ਪੁੱਛੇ ਜਾਂਦੇ ਸਵਾਲਾਂ ਅਤੇ ਪ੍ਰੌਕਸੀ ਵੋਟਿੰਸ ਪ੍ਰਕਿਰਿਆ ਸਮੇਤ, ਮਤਦਾਤਾ ਸਬੰਧੀ ਹੋਰ ਜਾਣਕਾਰੀ, City's website (ਸਿਟੀ ਦੀ ਵੈਬਸਾਈਟ) 'ਤੇ ਉਪਲਬਧ ਹੈ।

-30-

BRAMPTON Flower City brampton.ca

media release

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca